# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. **ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।**
2. **ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।**
3. **ਸਮੂਹ ਸਕੂਲ ਮੁੱਖੀ।**
4. **ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।**

**ਮੀਮੋਨੰ:DySPD (PEDB)/2021/** 82363

**ਮਿਤੀ: 07.03.2021**

**ਵਿਸ਼ਾ: ਅਧਿਅਪਕਾਂ ਦੀਆਂ ਬਦਲੀਆਂ ਸਬੰਧੀ।**

**ਹਵਾਲਾ:** ਇਸ ਦਫਤਰ ਦਾ ਪੱਤਰ ਨੰ: 2/7-2020ਟਰਾਂਸਫਰ ਸੈਲ (1), ਮਿਤੀ: 19.05.2020

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ:

(i) ਗਣਿਤ ਅਤੇ ਅੰਗਰੇਜੀ ਵਿਸ਼ੇ ਦੇ ਉਹ ਅਧਿਆਪਕ ਜੋ ਅਸਾਮੀ ਨਾ ਹੋਣ ਦੇ ਬਾਵਜੂਦ ਵੀ ਮਿਡਲ ਸਕੂਲਾਂ ਵਿੱਚ ਕੰਮ ਕਰ ਰਹੇ ਹਨ, ਨੂੰ ਲੋੜਵੰਦ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਤੈਨਾਤ ਕੀਤਾ ਜਾਣਾ ਹੈ।

(ii) ਉਕਤ ਤੋਂ ਇਲਾਵਾ ਸਰਵ ਸਿੱਖਿਆ ਅਭਿਆਨ ਅਤੇ ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਆਪਸ਼ਨ ਦੇਣ ਉਪਰੰਤ ਰੈਗੂਲਰ ਹੋਏ ਕਈ ਅਜਿਹੇ ਕਰਮਚਾਰੀ ਹਨ, ਜਿਨ੍ਹਾਂ ਦੀ ਅਸਾਮੀ ਉਨ੍ਹਾਂ ਦੇ ਵਰਤਮਾਨ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਰਪਲਸ ਹੋਣ ਕਾਰਨ ਸੈਂਕਸ਼ਨ ਨਹੀਂ ਹੋ ਸਕਦੀ, ਅਜਿਹੇ ਅਧਿਆਪਕਾਂ ਨੂੰ ਪ੍ਰਵਾਨਿਤ ਅਸਾਮੀਆਂ ਤੇ ਤੈਨਾਤ ਕੀਤਾ ਜਾਣਾ ਹੈ।

(iii) ਸਾਲ 2020-21 ਦੌਰਾਨ ਅਧਿਆਪਕਾਂ ਦੀਆਂ ਆਮ ਬਦਲੀਆਂ ਸਮੇਂ ਉਕਤ ਅਧਿਆਪਕ ਬਦਲੀ ਲਈ ਅਪਲਾਈ ਕਰਨਗੇ। ਬਦਲੀਆਂ ਦੇ ਪਹਿਲੇ ਗੇੜ ਦੀਆਂ ਬਦਲੀਆਂ ਦੀ ਸਟੇਸ਼ਨ ਚੋਣ ਤੋਂ ਪਹਿਲਾਂ ਇਨ੍ਹਾਂ ਅਧਿਆਪਕਾਂ ਨੂੰ ਸਟੇਸ਼ਨ ਚੋਣ ਕਰਨ ਦਾ ਮੋਕਾ ਦਿੱਤਾ ਜਾਵੇਗਾ ਜਿਸ ਦੇ ਅਧਾਰ ਤੇ ਇਨ੍ਹਾਂ ਦੀਆਂ ਬਦਲੀਆਂ ਕੀਤੀਆਂ ਜਾਣਗੀਆਂ।

2.0 ਵਿਭਾਗ ਦੀ ਜਨਤਕ ਸੂਚਨਾ DySPD (PEDB)/2021/80467, ਮਿਤੀ 04.03.2021 ਰਾਹੀਂ ਪਹਿਲਾਂ ਹੀ ਪੈਰਾ 1.0 (iii) ਰਾਹੀਂ ਲਾਜਮੀ ਬਦਲੀ ਦੀ ਸ਼ਰਤ ਪਹਿਲਾਂ ਹੀ ਹਟਾਈ ਜਾ ਚੁੱਕੀ ਹੈ।

3.0 ਆਪ ਨੂੰ ਮੁੱੜ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਮਿਡਲ ਸਕੂਲਾਂ ਦੀਆਂ ਸਾਰੀਆਂ ਅਸਾਮੀਆਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸ਼ਿਫਟ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਵਿਭਾਗ ਵਲੋਂ ਜੋ ਅਧਿਆਪਕ ਇਸ ਸਮੇਂ ਜਿਸ ਸਕੂਲ ਵਿੱਚ ਕੰਮ ਕਰ ਰਿਹਾ ਹੈ ਉਸ ਦੀ ਅਸਾਮੀ ਦੀ ਮਨਜੂਰੀ ਉਸ ਸਕੂਲ ਵਿੱਚ ਦੇ ਦਿੱਤੀ ਹੈ। ਇਸ ਲਈ ਪੈਰਾ 1.0 (i), (ii)

ਅਤੇ (iii) ਅਨੁਸਾਰ ਜਿਨ੍ਹਾਂ ਅਧਿਆਪਕਾਂ ਨੂੰ ਲਾਜਮੀ ਬਦਲੀ ਲਈ ਅਪਲਾਈ ਕਰਨ ਦੀ ਸ਼ਰਤ ਲਗਾਈ ਗਈ ਸੀ ਉਹ ਹਟਾਈ ਜਾਂਦੀ ਹੈ।

4.0 ਪਰੰਤੂ ਫਿਰ ਵੀ ਜੇਕਰ ਕੋਈ ਅਧਿਆਪਕ ਬਦਲੀ ਲਈ ਆਪਣੀ ਮਰਜੀ ਨਾਲ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਅਪਲਾਈ ਕਰ ਸਕਦਾ ਹੈ।

ਸਮੂਹ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**